BRITISH COLUMBIA GURDWARAS COUNCIL | ਓਨਟੇਰੀਓ ਗੁਰਦੁਆਰਾਜ਼ ਕਮੇਟੀ ONTARIO GURDWARAS COMMITTEE | ੴ ਸਤਿਗੁਰ ਪ੍ਰਸਾਦਿ ਰਾਜ ਕਰੇਗਾ ਖਾਲਸਾ QUEBEC SIKH COUNCILS

ਜੁਲਾਈ ੮, ੨੦੨੬

ਵਿਸ਼ਾ: ਮਿਤੀ ੦੭-੦੭-੨੦੨੬ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਦੇ ਇੰਚਾਰਜ ਭਾਈ ਬਗੀਚਾ ਸਿੰਘ ਦੇ ਪੱਤਰ ਸਬੰਧੀ ੦੭-੦੭-੨੦੨੬ ਦੀ ਗੁਰੂ ਨਾਨਕ ਸਿੱਖ ਗੁਰਦੁਆਰਾ, ਸਰੀ–ਡੈਲਟਾ ਵਿਖੇ ਸੰਗਤੀ ਮੀਟਿੰਗ ਵਿੱਚ ਪਾਸ ਕੀਤੇ ਮਤੇ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥

ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ,

ਬੇਨਤੀ ਹੈ ਕਿ ਮਿਤੀ ੦੭-੦੭-੨੦੨੬, ਦਿਨ ਮੰਗਲਵਾਰ, ਸ਼ਾਮ ੬:੩੦ ਵਜੇ ਗੁਰੂ ਨਾਨਕ ਸਿੱਖ ਗੁਰਦੁਆਰਾ, ਸਰੀ–ਡੈਲਟਾ ਵਿਖੇ ਇੱਕ ਸੰਗਤੀ ਮੀਟਿੰਗ ਹੋਈ, ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਾਪਤ ਮਿਤੀ ੦੭-੦੭-੨੦੨੬ ਵਾਲੇ ਪੱਤਰ ਉੱਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਹਾਜ਼ਰ ਸਮੂਹ ਸੰਗਤ ਨੇ ਸਰਬਸੰਮਤੀ ਨਾਲ ਹੇਠ ਲਿਖੇ ਮਤੇ ਪਾਸ ਕੀਤੇ:

੧. ਸੰਗਤ ਦਾ ਮੰਨਣਾ ਹੈ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਦਾ ਮਿਆਰ ਉਹ ਨਹੀਂ ਹੋ ਸਕਦਾ ਜੋ ਕੇਵਲ ਕਿਸੇ ਸਬ-ਕਮੇਟੀ ਵੱਲੋਂ ਤੈਅ ਕੀਤਾ ਗਿਆ ਹੋਵੇ। ਗੁਰੂ ਸਾਹਿਬ ਦੀ ਮਰਿਆਦਾ ਸਿੱਖ ਰਹਿਤ ਮਰਿਆਦਾ ਅਤੇ ਪੰਥ ਦੀ ਪ੍ਰਵਾਨਿਤ ਪਰੰਪਰਾ ਅਨੁਸਾਰ ਸਭ ਤੋਂ ਉੱਚੇ ਸਤਿਕਾਰ ਦੀ ਹੱਕਦਾਰ ਹੈ। ਸੰਗਤ ਨੇ ਗੰਭੀਰ ਚਿੰਤਾ ਪ੍ਰਗਟ ਕੀਤੀ ਕਿ ਜਦੋਂ ਤੋਂ ਪਾਵਨ ਸਰੂਪ ਭਾਰਤ ਦੇ ਪੋਰਟ ਤੋਂ ਸਮੁੰਦਰੀ ਜਹਾਜ਼ ਰਾਹੀਂ ਰਵਾਨਾ ਹੋਏ ਅਤੇ ਵੈਨਕੂਵਰ ਪਹੁੰਚੇ, ਉਸ ਲੰਬੇ ਸਫ਼ਰ ਦੌਰਾਨ ਲੋੜੀਂਦੀ ਮਰਿਆਦਾ ਦਾ ਪਾਲਣ ਸੰਭਵ ਨਹੀਂ ਸੀ।ਇਸ ਲਈ ਇਸ ਪ੍ਰਕਿਰਿਆ ਨੂੰ ਸੰਪੂਰਨ ਮਰਿਆਦਾ ਦਾ ਪਾਲਣ ਕਹਿਣਾ ਸੰਗਤ ਦੀ ਸਮਝ ਤੋਂ ਪਰੇ ਹੈ। ਸੰਗਤ ਨੇ ਇਹ ਵੀ ਨੋਟ ਕੀਤਾ ਕਿ ਕੈਨੇਡਾ ਪਹੁੰਚਣ ਤੋਂ ਬਾਅਦ ਵੀ ਪਾਵਨ ਸਰੂਪਾਂ ਨੂੰ ਉਚਿਤ ਪਲੰਘਾਂ ਉੱਤੇ ਸੁਸ਼ੋਭਿਤ ਕਰਨ ਦੀ ਬਜਾਏ ੨ ਜਾਂ ਬਹੁ-ਪੱਧਰੀ ਪਲੰਗ ਉੱਤੇ ਰੱਖਿਆ ਗਿਆ, ਜੋ ਸੰਗਤ ਦੀ ਸਮਝ ਅਨੁਸਾਰ ਪੰਥਕ ਮਰਿਆਦਾ ਦੇ ਅਨੁਕੂਲ ਨਹੀਂ ਹੈ।

੨. ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਵੇ ਕਿ ਭਵਿੱਖ ਵਿੱਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸਮੁੰਦਰੀ ਜਹਾਜ਼ ਰਾਹੀਂ ਨਾ ਭੇਜੇ ਜਾਣ, ਫਿਲਹਾਲ ਮਰਿਆਦਾ ਸਹਿਤ ਹਵਾਈ ਜਹਾਜ਼ ਰਾਹੀਂ ਭੇਜੇ ਜਾਣ ਜਦ ਤੱਕ ਸਹਿਮਤੀ ਨਾਲ ਕੋਈ ਹੋਰ ਵਧੀਆ ਸਤਿਕਾਰ ਪ੍ਰਤੀ ਤਰੀਕਾ ਨਹੀਂ ਤਹਿ ਕੀਤਾ ਜਾਂਦਾ। ਇਸ ਦੇ ਨਾਲ ਹੀ ਪਾਵਨ ਸਰੂਪਾਂ ਦੀ ਸੰਭਾਲ, ਆਵਾਜਾਈ, ਪ੍ਰਕਾਸ਼, ਸੁਖਆਸਨ ਅਤੇ ਹੋਰ ਸੇਵਾ-ਮਰਿਆਦਾ ਸਬੰਧੀ ਸਪੱਸ਼ਟ ਅਤੇ ਪ੍ਰਮਾਣਿਕ ਲਿਖਤੀ ਮਰਿਆਦਾ-ਸੂਚੀ ਜਾਂ ਹੁਕਮਨਾਮਾ ਜਾਰੀ ਕੀਤਾ ਜਾਵੇ, ਤਾਂ ਜੋ ਸਮੁੱਚਾ ਸਿੱਖ ਪੰਥ ਇੱਕੋ ਜਿਹੀ ਮਰਿਆਦਾ ਦੀ ਪਾਲਣਾ ਕਰ ਸਕੇ।

੩. ਸੰਗਤ ਨੇ ਇਹ ਵੀ ਧਿਆਨ ਵਿੱਚ ਲਿਆਂਦਾ ਕਿ ਅਪ੍ਰੈਲ ੨੦੧੪ ਵਿੱਚ, ਜਦੋਂ ਕੈਨੇਡਾ ਲਈ ਪਾਵਨ ਸਰੂਪ ਸਮੁੰਦਰੀ ਜਹਾਜ਼ ਰਾਹੀਂ ਭੇਜੇ ਜਾ ਰਹੇ ਸਨ, ਤਾਂ ਦਿੱਲੀ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਇਤਰਾਜ਼ ਉਠਾਏ ਗਏ ਸਨ। ਇਸ ਉਪਰੰਤ ਤਤਕਾਲੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਵੱਲੋਂ ਆਦੇਸ਼ ਜਾਰੀ ਕੀਤਾ ਗਿਆ ਸੀ ਕਿ ਜਦੋਂ ਤੱਕ ਸਿੱਖ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨਾਲ ਵਿਚਾਰ-ਵਟਾਂਦਰਾ ਕਰਕੇ ਨਵਾਂ ਫ਼ੈਸਲਾ ਨਹੀਂ ਕੀਤਾ ਜਾਂਦਾ, ਉਦੋਂ ਤੱਕ ਪਾਵਨ ਸਰੂਪ ਸਮੁੰਦਰੀ ਜਹਾਜ਼ ਰਾਹੀਂ ਵਿਦੇਸ਼ ਨਾ ਭੇਜੇ ਜਾਣ। ਸੰਗਤ ਦਾ ਮੰਨਣਾ ਹੈ ਕਿ ਭਾਵੇਂ ਪਾਵਨ ਸਰੂਪ ਸਮੁੰਦਰੀ ਜਹਾਜ਼ ਵਿੱਚ ਭੇਜੇ ਜਾਣ ਜਾਂ ਕਿਸੇ ਹੋਰ ਢੰਗ ਬੱਸ ਨਾਲ ਪੋਰਟ ਤੱਕ ਲਿਜਾਏ ਜਾਣ, ਪਰ ਕਈ ਮਹੀਨਿਆਂ ਬੱਧੀ ਸਫ਼ਰ ਸਮੁੰਦਰੀ ਜਹਾਜ਼ ਰਾਹੀਂ ਹੀ ਹੁੰਦਾ ਹੈ। ਇਸ ਲਈ ਜੇ ਅਪ੍ਰੈਲ ੨੦੧੪ ਵਿੱਚ ਇਹ ਪ੍ਰਕਿਰਿਆ ਇਤਰਾਜ਼ਯੋਗ ਸੀ ਤਾਂ ਉਹੀ ਮਾਪਦੰਡ ਸਤੰਬਰ ੨੦੧੪ ਅਤੇ ਜੂਨ ੨੦੨੬ ਵਿੱਚ ਵੀ ਇੱਕਸਾਰ ਲਾਗੂ ਹੋਣਾ ਚਾਹੀਦਾ ਹੈ।

੪. ਸੰਗਤ ਨੇ ਬੇਨਤੀ ਰੂਪ ਵਿੱਚ ਇਹ ਸਵਾਲ ਵੀ ਉਠਾਇਆ ਕਿ ਜਦੋਂ ਅਸੀਂ ਅਰਦਾਸ ਵਿੱਚ "ਗੁਰੂ ਮਾਨਿਓ ਗ੍ਰੰਥ, ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ" ਦਾ ਉਚਾਰਨ ਕਰਦੇ ਹਾਂ, ਤਾਂ ਕੀ ਮਹੀਨਿਆਂ ਬੱਧੀ ਸਮੁੰਦਰੀ ਜਹਾਜ਼ ਵਿੱਚ ਬਿਨਾਂ ਕਿਸੇ ਸੇਵਾਦਾਰ ਅਤੇ ਬਿਨਾਂ ਰੋਜ਼ਾਨਾ ਮਰਿਆਦਾ ਦੇ ਪਾਵਨ ਸਰੂਪਾਂ ਨੂੰ ਲਿਜਾਣਾ ਪੰਥ-ਪ੍ਰਵਾਨਿਤ ਮਰਿਆਦਾ ਹੈ? ਜੇ ਇਸ ਨੂੰ ਮਰਿਆਦਾ ਮੰਨਿਆ ਜਾਂਦਾ ਹੈ ਤਾਂ ਕੈਨੇਡਾ ਦੀ ਸੰਗਤ ਇਸ ਨਾਲ ਸਹਿਮਤ ਨਹੀਂ ਹੈ ਅਤੇ ਬੇਨਤੀ ਕਰਦੀ ਹੈ ਕਿ ਇਸ ਵਿਸ਼ੇ 'ਤੇ ਪੰਥ ਦੇ ਵਿਦਵਾਨਾਂ, ਤਖ਼ਤਾਂ ਅਤੇ ਸੰਗਤਾਂ ਨਾਲ ਵਿਆਪਕ ਵਿਚਾਰ-ਵਟਾਂਦਰਾ ਕਰਕੇ

ਸਪੱਸ਼ਟ ਫ਼ੈਸਲਾ ਕੀਤਾ ਜਾਵੇ। ਸੰਗਤ ਨੇ ਇਹ ਵੀ ਯਾਦ ਦਿਵਾਇਆ ਕਿ ਸਤੰਬਰ ੨੦੧੪ ਵਿੱਚ ਵੀ ਕਈ ਸਿੱਖ ਸੋਸਾਇਟੀਆਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸੇ ਪ੍ਰਕਿਰਿਆ ਸਬੰਧੀ ਲਿਖਤੀ ਇਤਰਾਜ਼ ਭੇਜੇ ਗਏ ਸਨ (ਜਿੰਨਾ ਵਿੱਚੋਂ ਇੱਕ ਸ੍ਰੀ ਗੁਰੂ ਸਿੰਘ ਸਭਾ ਵੀ ਸੀ), ਪਰ ਅੱਜ ਤੱਕ ਉਹਨਾਂ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ। ਸੰਗਤ ਦਾ ਮੰਨਣਾ ਹੈ ਕਿ ਉਸ ਸਮੇਂ ਉਠਾਈਆਂ ਗਈਆਂ ਚਿੰਤਾਵਾਂ ਅੱਜ ਵੀ ਬਰਕਰਾਰ ਹਨ ਅਤੇ ਇਸ ਮਸਲੇ ਦਾ ਪੰਥਕ ਪੱਧਰ 'ਤੇ ਸਪੱਸ਼ਟ ਅਤੇ ਸਥਾਈ ਹੱਲ ਕੀਤਾ ਜਾਣਾ ਚਾਹੀਦਾ ਹੈ।

੫. ਇਹ ਸੰਗਤ ਵੱਲੋਂ ਨਿਰਣਯ ਕੀਤਾ ਗਿਆ ਕਿ ਗੁਰਦੁਆਰਿਆਂ ਦੀ ਇੱਕ ਰਾਸ਼ਟਰੀ ਕਨਵੈਨਸ਼ਨ ਟੋਰਾਂਟੋ, ਕੈਨੇਡਾ ਵਿੱਚ ਅਗਸਤ ੨੦੨੬ ਦੇ ਅੰਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੇ ਟਰਾਂਸਪੋਰਟ ਸਬੰਧੀ ਬੁਲਾਈ ਜਾਵੇ। ਅਸੀਂ ਉਮੀਦ ਕਰਦੇ ਹਾਂ ਕਿ ੫੦ ਤੋਂ ਵੱਧ ਗੁਰਦੁਆਰੇ ਇਸ ਵਿੱਚ ਹਿੱਸਾ ਲੈਣਗੇ ਅਤੇ ਬੇਨਤੀ ਕਰਦੇ ਹਾਂ ਕਿ ਜਥੇਦਾਰ ਕੁਲਦੀਪ ਸਿੰਘ ਜੀ ਵੀ ਖੁਦ ਸ਼ਾਮਲ ਹੋਣ ਜਾਂ ਆਪਣੇ ਦਫ਼ਤਰ ਵੱਲੋਂ ੫ ਮੈਂਬਰਾਂ ਦੀ ਕਮੇਟੀ ਭੇਜਣ ਤਾਂ ਜੋ ਮੁੱਦਿਆਂ ਨੂੰ ਨਿੱਜੀ ਤੌਰ 'ਤੇ ਸੁਣਿਆ ਜਾ ਸਕੇ ਅਤੇ ਕੋਈ ਗਲਤਫ਼ਹਿਮੀ ਨਾ ਰਹੇ। ਇਸ ਤਰ੍ਹਾਂ ਸਦਾ ਲਈ ਸਰੂਪਾਂ ਦੇ ਟਰਾਂਸਪੋਰਟ ਲਈ ਰਾਹ ਨਿਰਧਾਰਤ ਕੀਤਾ ਜਾ ਸਕੇ।

ਅੰਤ ਵਿੱਚ ਸਮੂਹ ਸੰਗਤ ਨਿਮਰਤਾ ਸਹਿਤ ਬੇਨਤੀ ਕਰਦੀ ਹੈ ਕਿ ਉਪਰੋਕਤ ਮਤਿਆਂ ਅਤੇ ਚਿੰਤਾਵਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਅਤੇ ਪੰਥਕ ਮਰਿਆਦਾ ਨੂੰ ਯਕੀਨੀ ਬਣਾਉਣ ਲਈ ਲੋੜੀਂਦੇ ਫ਼ੈਸਲੇ ਕੀਤੇ ਜਾਣ। ਇਸ ਸਮੇਂ ਅਸੀਂ ਇਹ ਚਿੱਠੀ ਅਤੇ ਹੁਣ ਤੱਕ ਹੋਈ ਆਵਾ-ਜਾਈ ਦੀ ਪੱਤਰਚਾਰ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਨੂੰ ਭੇਜ ਰਹੇ ਹਾਂ ਤਾਂ ਉਹ ਜਾਣੂ ਹੋਣ ਕਿ ਕੀ ਕੁਝ ਹੋ ਰਿਹਾ ਹੈ, ਕਿਉਂਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਕਾਰ ਦਾ ਮਸਲਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਅਕਾਲ ਸਹਾਇ।

| | | |
|---|---|---|
| ਭਾਈ ਮੋਨਿੰਦਰ ਸਿੰਘ | ਭਾਈ ਅਮਰਜੀਤ ਸਿੰਘ ਮਾਨ | ਭਾਈ ਸੰਤੋਖ ਸਿੰਘ ਖੇਲਾ |
| ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ | ਓਂਟਾਰੀਓ ਗੁਰਦੁਆਰਾ ਕਮੇਟੀ | ਕਿਊਬੈਕ ਸਿੱਖ ਕੌਂਸਲ |